ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
ਪਲਾਟ ਨੰ:1-ਏ, ਸੈਕਟਰ 36-ਏ, ਚੰਡੀਗੜ੍ਹ।
website: www.punjabitis.gov.in, e-mail: dittrgpb@gmail.com
Fax: 2614622, Phone: 0172-5022370, 5022357

## ਦਾਖਲਾ ਨੋਟਿਸ ਸੈਸ਼ਨ ਅਗਸਤ 2019 (ਨਿਊ ਵੋਕੇਸ਼ਨਲ ਟ੍ਰੇਨਿੰਗ ਸਕੀਮ)

**ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਨਿਊ ਵੋਕੇਸ਼ਨਲ ਟ੍ਰੇਨਿੰਗ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦਾ ਦਾਖਲਾ ਕਰਨ ਸਬੰਧੀ** ਅਰਜੀਆਂ ਦੀ ਮੰਗ ਹੇਠ ਅਨੁਸਾਰ ਕੀਤੀ ਜਾਂਦੀ ਹੈ।ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ ਵਲੋਂ ਸਿਖਿਆਰਥੀਆਂ ਨੂੰ ਇਸ ਸਕੀਮ ਤਹਿਤ **750/- ਰੁ: ਪ੍ਰਤੀ ਮਹੀਨਾ ਪ੍ਰਤੀ ਸਿਖਿਆਰਥੀ ਸ੍ਰਕਾਲਰਸ਼ਿਪ/ ਸਟਾਈਪੰਡ ਦਿੱਤਾ ਜਾਵੇਗਾ।**ਦਾਖਲੇ ਕਰਨ ਦੇ ਪ੍ਰੋਗ੍ਰਾਮ ਦਾ ਵੇਰਵਾ ਹੇਠ ਅਨੁਸਾਰ ਹੈ।

| | | |
|---|---|---|
| | ਕਾਊਂਸਲਿੰਗ ਦੀ ਮਿਤੀ/ ਸਮਾਂ | 16.09.19 |
| 1 | **ਅਰਜੀਆਂ ਲੈਣ ਦੀ ਮਿਤੀ** | 16.09.19 ਸਵੇਰੇ 12:00 ਵਜੇ ਤੱਕ |
| 2 | **ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ** | 16.09.19 ਬਾਦ ਦੁਪਹਿਰ 02:00 ਵਜੇ ਤੱਕ |
| 3 | **ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ** | 16.09.19 ਬਾਦ ਦੁਪਹਿਰ 02:00 ਵਜੇ ਤੋਂ 03:00 ਵਜੇ ਤੱਕ |
| 4 | **ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ/ ਸਿਲੈਕਸ਼ਨ** | 16.09.19 ਬਾਦ ਦੁਪਹਿਰ 03:00 ਤੋਂ 05:00 ਵਜੇ ਤੱਕ |
| 5 | **ਕਲਾਸਾਂ ਲਗਾਉਣ ਦੀ ਮਿਤੀ** | 17.09.19 |

**ਉਦਯੋਗਿਕ ਸਿਖਲਾਈ ਸੰਸਥਾ ਸਮੇਤ ਟਰੇਡ (ਯੂਨਿਟ),** ਜਿਨ੍ਹਾਂ ਵਿੱਚ ਦਾਖਲਾ ਕੀਤਾ ਜਾ ਰਿਹਾ ਹੈ ਦਾ ਵੇਰਵਾ ਵਿਭਾਗ ਦੀ ਹੇਠ ਦਰਸਾਈ ਵੈਬਸਾਈਟ ਉਪਰ ਉਪਲੱਬਧ ਹੈ: **www.punjabitis.gov.in** ਅਤੇ **www.itipunjab.nic.in** (ਦੇ ਕਾਉਂਸਲਿੰਗ ਸ਼ਡਿਊਲ ਕਾਲਮ ਵਿੱਚ) ।

**ਜ਼ਰੂਰੀ ਨੋਟ**

| | |
|---|---|
| 1 | ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ। |
| 2 | ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ। |
| 3 | ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਬਾਦ ਦੁਪਹਿਰ 12:00 ਵਜੇ ਤੋਂ 01.00 ਵੱਜੇ ਤੱਕ ਹਾਜਰੀ ਲਗਾਉਣਗੇ। |
| 4 | ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਸਭ ਦੀ ਇਕੋ ਹੀ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ। |
| 5 | ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਜਾਤੀ ਸਰਟੀਫਿਕੇਟ ਅਤੇ ਢਾਈ ਲੱਖ ਤੋ ਘੱਟ ਸਲਾਨਾ ਆਮਦਨ ਸਰਟੀਫਿਕੇਟ ਨਾਲ ਲੈ ਕੇ ਆਉਣਗੇ। ਇੰਟਰਵਿਊ ਦੀ ਮਿਤੀ ਨੂੰ ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਦਾਖਲੇ ਲਈ ਵਿਚਾਰਿਆ ਨਹੀ ਜਾਵੇਗਾ। |
| 6 | ਜੇਕਰ ਕੌਂਸਲਿੰਗ ਸ਼ੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸ ਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ। |
| 7 | ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ। |
| 8 | ਸੰਸਥਾਂ ਮੁੱਖੀ ਵੱਲੋਂ ਟਰੇਡਾਂ ਦੀ SCVT/ NCVT ਮਾਨਤਾ ਬਾਰੇ ਸੰਸਥਾ ਦੇ ਨੋਟਿਸ ਬੋਰਡ ਉਪਰ ਵੇਰਵਾ ਡਿਸਪਲੇ ਕਰਵਾਇਆ ਜਾਵੇਗਾ। NCVT ਟਰੇਡਾਂ ਸਬੰਧੀ ਵੇਰਵਾ NCVT-MIS ਪੋਰਟਲ ਉਪਰ ਪੁਸ਼ਟੀ ਕਰਨ ਉਪਰੰਤ ਹੀ ਡਿਸਪਲੇ ਕਰਵਾਇਆ ਜਾਵੇਗਾ।ਹਵਾਲਾ ਅਧੀਨ ਸਕੀਮ ਤਹਿਤ ਦਾਖਲੇ ਲਈ ਆਫਰ ਕੀਤੀ ਜਾ ਰਹੀ ਟਰੇਡਾਂ ਦੀ SCVT/ NCVT ਮਾਨਤਾ, ਇੰਨਫਰਾਸਟਰਕਚਰ ਆਦਿ ਦੀ ਜਿਮੇਵਾਰੀ ਸੰਸਥਾ ਮੁੱਖੀ ਦੀ ਹੋਵੇਗੀ। |
| 9 | ਇਸ ਸਕੀਮ ਦੀ ਵਧੇਰੇ ਜਾਣਕਾਰੀ ਲਈ ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ-34-ਏ, ਚੰਡੀਗੜ ਅਤੇ ਪੰਜਾਬ ਰਾਜ ਦੇ ਜ਼ਿਲਿਆਂ ਵਿਚ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਅਤੇ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਟਰੇਡਾਂ ਦੀ ਸਿਖਲਾਈ ਭਲਾਈ ਵਿਭਾਗ ਵ੍ਹਲੋਂ ਸਪੋਂਸਰ ਕੀਤੀ ਜਾ ਰਹੀ ਹੈ। |

ਮਿਤੀ: 15.09.2019

ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

Scanned by CamScanner